# KHALSA PRIMARY SCHOOL

Headteacher: Ms P. K. Sehmi

Volume 6 Issue 8

## Week beginning: 3 November 2014

### Nagar Kirtan



Thank you to all those who took part in the Southall Nagar Kirtan on Sunday 26th October for Guru Nanak Dev Ji's Prakash Ustav. Well done to all the children. Everyone was delighted to see the children joyfully singing shabads and representing Khalsa Primary School. Children who attended will receive certificates.

### Children In Need



This year we are 'Going Pyjamas' for Children In Need. We will be holding a "pyjama day" where we encourage children, staff and parents to wear their pyjamas on **Friday 7th November**, so that we can raise funds for this good cause. We would appreciate a minimum donation of £1.00 from children. All other donations are welcome. Children will have a fun day at school with lots of exciting activities. Blush (Pudsey's friend) will also be visiting the school and raising money for Children in Need. Every penny counts ... So please bring some money to donate towards a good cause.

### Medication

We would like to remind parents that if your child is unwell and has been sent to school with medication, please note that we are only allowed to give medication that has been prescribed by the doctor. The medication itself needs to have a label indicating this. Please ensure that you send medication with the appropriate measuring spoon or syringe to ensure that the school is able to give the correct dosage. We will not accept any medication which is bought to the school without the correct label and dosage tool.

### Mobile phones




We have noticed that a few parents and carers have been using their mobile phones on school grounds when dropping off or collecting their child. We would like to remind parents and carers not to use their mobiles on school grounds.

### 5th Anniversary & Guru Nanak Dev Ji's Prakash Ustav Celebrations at Khalsa Primary

We would like to invite you all to celebrate our 5th anniversary and the Prakash Ustav of Guru Nanak Dev Ji. The programme is as follows:

**10th – 14th November 2014**

**Monday - Thursday - 6.00pm - 7.00pm daily -** Kirtan by children & Kirtani Jatha, followed by Guru Ka Langar

**Friday - 8.45am – 12pm -** Sehaj Paath da Bhog, Kirtan & children's performances, followed by Guru Ka Langar

During the week of 10th - 14th November, please come in and listen to Sehaj Paath between 9am to 12pm. Refreshments will be available. In the evening from 6pm there will be Kirtan by children and a Kirtani Jatha. Please make every effort to come along with your family and friends.

We would appreciate parents to come in and help with sewa during the week. We would like parents/carers to contribute towards the event in any way that they can. This will be great event to bring the community together.

**Please note that we will be finishing school around 1.15pm on Friday 14th November, so parents and carers can take their children home at that time. If you are unable to collect your child at that time, please let office staff know.**

### After school Clubs

All after school clubs will commence this week. They will run throughout the year until the end of July. Clubs will start at 3.30pm and finish at 4.15pm. **Please note that if a club unable to run and has been cancelled we will notify parents and carers as soon as possible via text.** Please ensure that your contact details are up to date with the school office.

After school clubs for this term will take place outdoors. Please ensure you provide outdoor wear (i.e. joggers and sports jumpers) with your child.

### Thought of the week


**"When you practice gratefulness, there is a sense of respect towards others"**

### ATTENDANCE



Well done to **Guru Arjan Dev Ji & Sahibzada Ajit Singh Ji's Classes** for achieving best attendance for week ending **24/10/2014**.

### Dates for your diary




| Date | Event |
|---|---|
| **Thursday 6th November** | **Guru Nanak Dev Ji's Prakash Utsav** |
| **Friday 7th November** | **Children in Need Fundraising** |
| **Monday 10th - Friday 14th November** | **5th Anniversary & Guru Nanak Dev Ji week celebrations** |
| w/b Monday 17th November | ICT week |
| Friday 28th November | Yr 2 - Guru Angad Dev Ji - Mr Formella class assembly |
| Thursday 4th December | Theatre group performance for Yr 4 & 5 |
| Friday 5th December | Yr 2 - Guru Angad Dev Ji - Mrs Sidhu class assembly |
| Tuesday 9th & Thursday 11th December | Parents' meetings |
| Friday 12th December | Yr 1 - Sahibzada Ajit Singh Ji - Miss Kamboj class assembly |
| Friday 19th December | Yr 1 - Sahibzada Jujhar Singh Ji - Mrs Dhiri class assembly |
| Friday 19th December 2014 | End of Autumn Term |

### GOLDEN RULES

This week's Golden Rule is **'Working Hard'.**

Children who were awarded for **Remembering God** for week ending **24/10/2014:**

**Year 5:**
Guru Har Krishan Sahib Ji - Pavan
Guru Har Rai Sahib Ji - Gunveen



**Year 4:**
Guru Hargobind Sahib Ji - Manveen K
Guru Arjan Dev Ji - Muskan



**Year 3:**
Guru Ram Das Ji - Gunshibha
Guru Amar Das Ji – Gianna



**Year 2:**
Guru Nanak Dev Ji - Ishmeet
Guru Angad Dev Ji - Manpreet

**Year 1:**
Sahibzada Ajit Singh Ji - Darshpal
Sahibzada Jujhar Singh Ji - Divneet

**Reception:**
Sahibzada Fateh Singh Ji - Maaria
Sahibzada Zorawar Singh Ji - Manpreet

Khalsa Primary School - Norwood Green Road, Southall, Middlesex, UB2 4LA.
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

ਵਾਲਿਓਮ ੬, ਇਸ਼ੂ ੯

## ਹਫ਼ਤੇ ਦਾ ਅਰੰਭ: 0੩ ਨਵੰਬਰ ੨0੧੪



### ਨਗਰ ਕੀਰਤਨ

ਇਸ ਵਾਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸੰਬੰਧੀ ਸਾਊ-ਥਾਲ ਵਿਚ ੨੬ ਅਕਤੂਬਰ ਨੂੰ ਹੋਏ ਨਗਰ ਕੀਰਤਨ ਵਿਚ ਭਾਗ ਲੈਣ ਵਾਲੇ ਸਭਨਾ ਜੀਆਂ ਦਾ ਅਸੀਂ ਧਨਵਾਦ ਕਰਦੇ ਹਾਂ ਕਿ ਆਪ ਜੀ ਨੇ ਸਾਡੇ ਨਾਲ ਸਕੂਲ ਦੀ ਪ੍ਰਤੀਨਿਧਤਾ ਕਰਕੇ ਸਾਡਾ ਸਾਥ ਦਿੱਤਾ। ਸਾਰੇ ਬਚਿੱਆਂ ਨੂੰ ਸ਼ਾਬਾਸ਼ ਹੈ। ਬਚਿੱਆਂ ਵਲੋਂ ਬੜੇ ਪਿਆਰ ਅਤੇ ਸ਼ਰਧਾ ਨਾਲ ਕੀਤੇ ਸਬਦ ਗਾਇਣ ਦਾ ਸਭ ਨੇ ਅਨੰਦ ਲਿਆ। ਸਾਨੂੰ ਇਨ੍ਹਾਂ ਸਭ ਤੇ ਮਾਣ ਹੈ। ਭਾਗ ਲੈਣ ਵਾਲੇ ਬਚਿੱਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ।



### ਲੋੜ ਵਿਚ ਬੱਚੇ

ਇਸ ਸਾਲ ਅਸੀਂ ਲੋੜ ਵਿਚ ਬਚਿੱਆਂ ਲਈ ਪਜਾਮੇ ਪਹਿਨ ਰਹੇ ਹਾਂ। ਅਸੀਂ ਇਕ ਦਿਨ ਪਜਾਮਾ ਦਿਵਸ ਵਜੋਂ ਮਨਾਵਾਂਗੇ ਜਦੋਂ ਕਿ ਅਸੀਂ ਬਚਿੱਆਂ, ਸਟਾਫ਼, ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਉਤਸਾਹਿਤ ਕਰਾਂਗੇ ਕਿ ਉਹ 0੭ ਨਵੰਬਰ ਨੂੰ ਪਜਾਮੇ ਪਹਿਨ ਕੇ ਪਜਾਮਾ ਦਿਨ ਮਨਾਉਣ ਅਤੇ ਇਸ ਨੇਕ ਕੰਮ ਲਈ ਫੰਡ ਇਕੱਠਾ ਕਰਨ ਵਿਚ ਆਪਣਾ ਯੋਗਦਾਨ ਪਾਉਣ। ਅਸੀਂ ਬਚਿੱਆਂ ਵਲੋਂ ਘੱਟੋ ਘੱਟ ੧ ਪਾਉਂਡ ਦੀ ਭੇਟਾ ਦੀ ਆਸ ਰਖਾਂਗੇ। ਹੋਰ ਜਿੰਨੀ ਵੀ ਵੱਧ ਤੋਂ ਵੱਧ ਹੋ ਸਕੇ ਉਸ ਦਾ ਸਨਮਾਨ ਕਰਾਂਗੇ। ਬਲੱਸ਼ ( ਪਡਸੀ ਦਾ ਮਿਤੱਰ) ਨੇ ਵੀ ਇਸ ਦਿਨ ਸਕੂਲ ਆਉਣਾ ਹੈ, ਜੋ ਕਿ ਸਟਾਫ਼, ਮਾਪਿਆਂ ਅਤੇ ਦੇਖਭਾਲ ਕਰਤਾਵਾਂ ਤੋਂ ਲੋੜ ਵਿਚ ਬਚਿੱਆਂ ਲਈ ਧਨ ਇਕਤਰ ਕਰੇਗਾ। ਹਰ ਪੈਨੀ ਮਹਤਵਪੂਰਨ ਹੋਵੇਗੀ....... ਸੋ ਕਿਰਪਾ ਕਰਕੇ ਇਸ ਨੇਕ ਕਾਰਜ ਵਿਚ ਆਪਣਾ ਯੋਗਦਾਨ ਪਾਉਣ ਲਈ ਕੁਝ ਧਨ ਨਾਲ ਜ਼ਰੂਰ ਲਿਆਉਣਾ ਜੀ।

### ਦਵਾਈਆਂ

ਅਸੀਂ ਮਾਪਿਆਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਜੇਕਰ ਤੁਹਾਡਾ ਬੱਚਾ ਬਿਮਾਰ ਹੈ ਅਤੇ ਤੁਸੀਂ ਉਸ ਦੇ ਨਾਲ ਦਵਾਈ ਸਕੂਲ ਭੇਜੀ ਹੈ ਤਾਂ ਕਿਰਪਾ ਕਰਕੇ ਨੋਟ ਕਰਨਾ ਕਿ ਅਸੀਂ ਉਸਨੂੰ ਸਿਰਫ਼ ਓਹੀ ਦਵਾਈ ਦੇ ਸਕਾਂਗੇ ਜਿਹੜੀ ਕਿ ਉਸਦੇ ਡਾਕਟਰ ਵਲੋਂ ਸਿਰਫ਼ ਉਸ ਲਈ ਨਿਸਚਿਤ ਕੀਤੀ ਗਈ ਹੋਵੇ। ਦਵਾਈ ਦੇ ਉੱਤੇ ਸਪਸ਼ਟ ਅਖਰਾਂ ਵਿਚ ਬੱਚੇ ਦੇ ਨਾਮ ਦਾ ਲੇਬਲ ਲਗਿੱਆ ਹੋਣਾ ਲਾਜ਼ਮੀ ਹੈ। ਇਹ ਵੀ ਨੋਟ ਕਰਨਾ ਕਿ ਦਵਾਈ ਦੇ ਨਾਲ ਨਿਸਚਿਤ ਮਾਤਰਾ ਵਾਲਾ ਚਮਚ ਜਾਂ ਸਰਿੰਜ ਵੀ ਭੇਜਿਆ ਜਾਵੇ ਤਾਂ ਕਿ ਸਹੀ ਡੋਜ਼ ਦਿੱਤੀ ਜਾ ਸਕੇ। ਅਸੀਂ ਕੋਈ ਵੀ ਅਜਿਹੀ ਦਵਾਈ ਕਬੂਲ ਨਹੀਂ ਕਰਾਂਗੇ ਜਿਹੜੀ ਕਿ ਬਿਨਾਂ ਸਪਸ਼ਟ ਲੇਬਲ ਜਾਂ ਬਿਨਾਂ ਸਹੀ ਟੂਲ ਦੇ ਹੋਵੇ।

### ਮੋਬਾਈਲ ਫੋਨਜ਼




ਅਸੀਂ ਨੋਟ ਕੀਤਾ ਹੈ ਕਿ ਕੁਝ ਮਾਪੇ ਅਤੇ ਦੇਖਭਾਲ ਕਰਤਾ ਬਚਿੱਆਂ ਨੂੰ ਸਕੂਲ ਲਿਆਉਣ ਅਤੇ ਸਕੂਲੋਂ ਲਿਜਾਣ ਸਮੇਂ ਮੋਬਾਈਲ ਫੋਨਜ਼ ਦੀ ਵਰਤੋਂ ਕਰਦੇ ਹਨ। ਅਸੀਂ ਸਾਰੇ ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਉਹ ਬਚਿੱਆਂ ਨੂੰ ਸਕੂਲ ਲਿਆਉਣ ਅਤੇ ਸਕੂਲੋਂ ਲਿਜਾਣ ਸਮੇਂ ਸਕੂਲ ਦੇ ਅਹਾਤੇ ਵਿਚ ਮੋਬਾਈਲ ਫੋਨਜ਼ ਦੀ ਵਰਤੋਂ ਨਾ ਕਰਨ।

### ਪੰਜ ਸਾਲਾ ਸਮਾਗਮ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸਮਾਗਮ

ਪੰਜ ਸਾਲਾ ਸਮਾਗਮ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸਮਾਗਮ ਮਨਾਉਣ ਲਈ ਅਸੀਂ ਆਪ ਸਭ ਨੂੰ ਸੱਦਾ ਦਿੰਦੇ ਹਾਂ। ਇਸ ਸਮਾਗਮ ਦੇ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ:

**੧੦-੧੪ ਨਵੰਬਰ ੨੦੧੪ ਤੱਕ**

**ਸੋਮਵਾਰ-ਵੀਰਵਾਰ ਸ਼ਾਮ ੬ ਵਜੇ ਤੋਂ ਸ਼ਾਮ ੭ ਵਜੇ** ਤੱਕ ਬਚਿੱਆਂ ਅਤੇ ਕੀਰਤਨੀ ਜਥੇ ਵਲੋਂ ਕੀਰਤਨ ਅਤੇ ਫਿਰ ਗੁਰੂ ਕਾ ਲੰਗਰ

**ਸ਼ੁਕਰਵਾਰ -ਸਵੇਰੇ ੮.੪੫ ਤੋਂ ਦੁਪਿਹਰ ੧੨ ਵਜੇ ਤੱਕ** ਸਹਿਜ ਪਾਠ ਦਾ ਭੋਗ, ਕੀਰਤਨ ਅਤੇ ਬਚਿੱਆਂ ਵਲੋਂ ਪੇਸ਼ਕਾਰੀਆਂ ਅਤੇ ਗੁਰੂ ਕਾ ਲੰਗਰ

ਸੋਮਵਾਰ ੧੦ ਤੋਂ ਸ਼ੁਕਰਵਾਰ ੧੪ ਨਵੰਬਰ ਤੱਕ ਦੇ ਹਫ਼ਤੇ ਆਪ ਜੀ ਕਿਰਪਾ ਕਰਕੇ ਸਵੇਰੇ ੯ ਤੋਂ ੧੨ ਵਜੇ ਤੱਕ ਆਓ ਅਤੇ ਸਹਿਜ ਪਾਠ ਨੂੰ ਸੁਣਨ ਦਾ ਅਨੰਦ ਲਓ। ਨਾਸ਼ਤਾ ਉਪਲਬਧ ਹੋਵੇਗਾ। ਸ਼ਾਮ ੬ ਵਜੇ ਤੋਂ ਬਚਿੱਆਂ ਅਤੇ ਕੀਰਤਨੀ ਜਥੇ ਵਲੋਂ ਕੀਰਤਨ ਹੋਵੇਗਾ। ਕਿਰਪਾ ਕਰਕੇ ਆਪਣੇ ਪਰਿਵਾਰ ਅਤੇ ਮਿਤਰਾਂ ਨਾਲ ਇਸ ਖ਼ਾਸ ਮੌਕੇ ਉੱਤੇ ਪੁਜਣ ਦਾ ਹਰ ਸੰਭਵ ਯਤਨ ਕਰਨਾ ਜੀ।

ਅਸੀਂ ਧਨਵਾਦੀ ਹੋਵਾਂਗੇ ਜੇਕਰ ਆਪ ਜੀ ਇਸ ਹਫ਼ਤੇ ਆਓ ਅਤੇ ਸੇਵਾ ਵਿਚ ਆਪਣਾ ਹਿੱਸਾ ਪਾਓ। ਜਿਹੜੇ ਵੀ ਮਾਪੇ ਇਸ ਸਮਾਗਮ ਵਿਚ ਜਿਹੜੀ ਵੀ ਸੇਵਾ ਵਿਚ ਹਿੱਸਾ ਪਾਉਣਾ ਚਾਹੁਣਗੇ, ਅਸੀਂ ਉਨ੍ਹਾਂ ਦੇ ਧਨਵਾਦੀ ਰਹਾਂਗੇ। ਸਾਰੀ ਕਮਿਊਨਿਟੀ ਨੂੰ ਇਕ ਥਾਂ ਇਕਠਿਆਂ ਕਰਨ ਦਾ ਇਹ ਸੁਨਿਹਰਾ ਮੌਕਾ ਹੈ।

### ਵਿਸ਼ੇਸ਼ ਸਿਖਿਆ ਕਿਰਿਆਵਾਂ ਦੇ ਕਲੱਬ

ਸਕੂਲ ਬਾਅਦ ਦੇ ਵਿਸ਼ੇਸ਼ ਸਿਖਿਆ ਕਿਰਿਆਵਾਂ ਦੇ ਕਲੱਬ ਇਸ ਹਫ਼ਤੇ ਤੋਂ ਅਰੰਭ ਹੋਣਗੇ। ਸਾਰੇ ਕਲੱਬ ਸਾਰਾ ਸਾਲ ਚਲਣਗੇ ਅਤੇ ੧੦ ਜੁਲਾਈ ੨੦੧੫ ਨੂੰ ਖ਼ਤਮ ਹੋਣਗੇ। ਕਲੱਬ ੩.੩੦ ਤੇ ਸ਼ੁਰੂ ਹੋ ਕੇ ੪.੧੫ ਤੇ ਸਮਾਪਤ ਹੋਣਗੇ। ਕਿਰਪਾ ਕਰਕੇ ਨੋਟ ਕਰਨਾ ਕਿ ਜੇਕਰ ਕਿਸੇ ਕਾਰਨ ਕੋਈ ਕਲੱਬ ਕੈਂਸਲ ਹੋਵੇਗਾ ਤਾਂ ਸਮਾਂ ਰਹਿੰਦੇ ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਟੈਕਸਟ ਸੁਨੇਹੇ ਰਾਹੀਂ ਸੂਚਿਤ ਕੀਤਾ ਜਾਵੇਗਾ। ਕਿਰਪਾ ਕਰਕੇ ਪੱਕਾ ਕਰਨਾ ਕਿ ਆਪਦੇ ਤਾਜ਼ਾ ਸੰਪਰਕ ਵੇਰਵੇ ਸਕੂਲ ਦਫ਼ਤਰ ਨੂੰ ਪਤਾ ਹੋਣ। ਇਸ ਟਰਮ ਵਿਚ ਸਕੂਲ ਬਾਅਦ ਦੇ ਵਿਸ਼ੇਸ਼ ਸਿਖਿਆ ਕਿਰਿਆਵਾਂ ਦੇ ਕਲੱਬ ਬਾਹਰ ਖੁਲ੍ਹੇ ਥਾਂ ਵਿਚ ਹੋਣਗੇ ਸੋ ਕਿਰਪਾ ਕਰਕੇ ਬਾਹਰ ਦੇ ਕਪੜੇ(ਜੌਗਰ ਅਤੇ ਸਪੋਰਟਸ ਜੰਪਰ ਆਦਿ ) ਬਚਿੱਆਂ ਦੇ ਨਾਲ ਜ਼ਰੂਰ ਭੇਜਣੇ।

### ਇਸ ਹਫ਼ਤੇ ਦਾ ਵਿਚਾਰ

"ਜਦੋਂ ਤੁਸੀਂ ਸ਼ੁਕਰਗੁਜ਼ਾਰ ਰਵਈਆ ਅਪਣਾਉਂਦੇ ਹੋ ਤਾਂ ਤੁਸੀਂ ਦੂਜਿਆਂ ਪ੍ਰਤੀ ਸਤਿਕਾਰ ਪਰਗਟ ਕਰ ਰਹੇ ਹੁੰਦੇ ਹੋ।"

### ਤੁਹਾਡੀ ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਮਹਤਵ |
|---|---|
| **ਵੀਰਵਾਰ ੬ ਨਵੰਬਰ** | **ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ** |
| **ਸ਼ੁਕਰਵਾਰ ੭ ਨਵੰਬਰ** | **ਲੋੜ ਵਿਚ ਬਚਿੱਆਂ ਲਈ ਫੰਡ ਰੇਜ਼ਿੰਗ** |
| **ਸੋਮਵਾਰ ੧੦ ਤੋਂ ਸ਼ੁਕਰਵਾਰ ੧੪ ਨਵੰਬਰ ਤੱਕ** | **ਖ਼ਾਲਸਾ ਪ੍ਰਾਇਮਰੀ ਸਕੂਲ ਦੇ ਪੰਜ ਸਾਲਾ ਸਮਾਗਮ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸਮਾਗਮ** |
| ੧੭ ਨਵੰਬਰ ਤੋਂ ਸ਼ੁਰੂ ਹੁੰਦਾ ਹਫ਼ਤਾ | ਆਈ ਸੀ ਟੀ ਹਫ਼ਤਾ |
| ਸ਼ੁਕਰਵਾਰ ੨੮ ਨਵੰਬਰ | ਗੁਰੂ ਅੰਗਦ ਦੇਵ ਜੀ ਦੀ ਦੂਜੀ ਜਮਾਤ ਵਲੋਂ ਮਿਸਟਰ ਫੌਰਮੇਲਾ ਨਾਲ ਸਵੇਰ ਦੀ ਸਭਾ |
| ਵੀਰਵਾਰ ੪ ਦਿਸੰਬਰ | ਚੌਥੀ ਅਤੇ ਪੰਜਵੀਂ ਜਮਾਤਾਂ ਲਈ ਰੰਗਮੰਚ ਸਮੂਹ ਵਲੋਂ ਪੇਸ਼ਕਾਰੀ |
| ਸ਼ੁਕਰਵਾਰ ੫ ਦਿਸੰਬਰ | ਗੁਰੂ ਨਾਨਕ ਦੇਵ ਜੀ ਦੀ ਦੂਜੀ ਜਮਾਤ ਵਲੋਂ ਮਿਸਿਜ਼ ਸਿੱਧੂ ਨਾਲ ਸਵੇਰ ਦੀ ਸਭਾ |
| ਵੀਰਵਾਰ ੯ ਦਿਸੰਬਰ ਅਤੇ ਵੀਰਵਾਰ ੧੧ ਦਿਸੰਬਰ | ਮਾਪਿਆਂ ਦੀ ਮੁਲਾਕਾਤ |
| ਸ਼ੁਕਰਵਾਰ ੧੨ ਦਿਸੰਬਰ | ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਪਹਿਲੀ ਜਮਾਤ ਵਲੋਂ ਮਿਸ ਕੰਬੋਜ ਨਾਲ ਸਵੇਰ ਦੀ ਸਭਾ |
| ਸ਼ੁਕਰਵਾਰ ੧੯ ਦਿਸੰਬਰ | ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਪਹਿਲੀ ਜਮਾਤ ਵਲੋਂ ਮਿਸਿਜ਼ ਧੀਰੀ ਨਾਲ ਸਵੇਰ ਦੀ ਸਭਾ |
| ਸ਼ੁਕਰਵਾਰ ੧੯ ਦਿਸੰਬਰ | ਪਤਝੜ ਦੀ ਟਰਮ ਦੀ ਸਮਾਪਤੀ |

### ਹਾਜ਼ਰੀ



੨੪.੧੦.੧੩ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਅਰਜਨ ਦੇਵ ਜੀ ਅਤੇ ਸ਼ਾਹਿਬਜ਼ਾਦਾ ਅਜੀਤ ਸਿੰਘ ਜੀ ਜਮਾਤਾਂ** ਨੂੰ ਸ਼ਾਬਾਸ਼ ਹੈ।

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਕਿਰਤ ਕਰਨੀ** ਹੈ। ਬੱਚੇ ਜਿਨ੍ਹਾਂ ਨੂੰ ੨੫/੧੦/੨੦੧੪ ਨੂੰ ਸਮਾਪਤ ਹੋਏ ਹਫ਼ੇ **ਨਾਮ ਜਪਣਾ** ਲਈ ਸਤਿਕਾਰਤ ਕੀਤਾ ਜਾਂਦਾ ਹੈ:

**ਪੰਜਵੀ ਜਮਾਤ:**

ਗੁਰੂ ਹਰ ਕ੍ਰਿਸ਼ਨ ਸਾਹਿਬ ਜੀ - ਪਵਨ

ਗੁਰੂ ਹਰ ਰਾਏ ਸਾਹਿਬ ਜੀ - ਗੁਨਵੀਨ

**ਚੋਥੀ ਜਮਾਤ:**

ਗੁਰੂ ਹਰਗੋਬਿੰਦ ਸਾਹਿਬ ਜੀ - ਮਨਵੀਨ ਕੋਰ

ਗੁਰੂ ਅਰਜਨ ਦੇਵ ਜੀ - ਮੁਸਕਾਨ

**ਤੀਜੀ ਜਮਾਤ:**

ਗੁਰੂ ਰਾਮਦਾਸ ਜੀ - ਗੁਨਸ਼ਿਬਾ

ਗੁਰੂ ਅਮਰਦਾਸ ਜੀ - ਜਿਆਨਾ

**ਦੂਜੀ ਜਮਾਤ:**

ਗੁਰੂ ਨਾਨਕ ਦੇਵ ਜੀ - ਇਸ਼ਮੀਤ

ਗੁਰੂ ਅੰਗਦ ਦੇਵ ਜੀ - ਮਨਪ੍ਰੀਤ

**ਪਹਿਲੀ ਜਮਾਤ:**

ਸ਼ਾਹਿਬਜ਼ਾਦਾ ਅਜੀਤ ਸਿੰਘ ਜੀ - ਦਰਸ਼ਪਾਲ

ਸ਼ਾਹਿਬਜ਼ਾਦਾ ਜੁਝਾਰ ਸਿੰਘ ਜੀ - ਦਿਵਨੀਤ

**ਰਿਸੈਪਸ਼ਨ**

ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ - ਮਾਰੀਆ

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ - ਮਨਪ੍ਰੀਤ





